2022187586
14/7/2022 ਸ-7

ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ/ਅੱਠਵੀਂ ਸ਼ਾਖਾ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, (ਸੈਕੰ:ਸਿ:)
ਸਕੂਲ ਸਿੱਖਿਆ ਵਿਭਾਗ,ਪੰਜਾਬ।

ਨੰ: ਪਸਸਬ-ਸ:ਸ:ਪੰ:/ਅੱ:—212 ਮਿਤੀ:—13/7/22

ਵਿਸ਼ਾ:- ਅੱਠਵੀਂ ਸ਼੍ਰੇਣੀ 2022 ਦੀ ਸਪਲੀਮੈਂਟਰੀ ਪ੍ਰੀਖਿਆ ਕਰਵਾਉਣ ਸਬੰਧੀ।

ਅੱਠਵੀਂ ਸ਼੍ਰੇਣੀ ਦਾ ਨਤੀਜਾ ਮਿਤੀ 2.6.2022 ਨੂੰ ਘੋਸ਼ਿਤ ਹੋ ਚੁੱਕਾ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਵੀਂ/ਅੱਠਵੀਂ ਸ਼੍ਰੇਣੀ ਦੀ ਸਪਲੀਮੈਂਟਰੀ ਪ੍ਰੀਖਿਆ ਦੋ ਮਹੀਨੇ ਦੇ ਅੰਦਰ ਅੰਦਰ ਕਰਵਾਈ ਜਾਣੀ ਹੈ। ਪ੍ਰੀਖਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਠਵੀਂ ਸ਼੍ਰੇਣੀ ਦੇ ਰੀਅਪੀਅਰ ਪ੍ਰੀਖਿਆਰਥੀਆਂ ਦੇ ਆਨਲਾਈਨ ਪ੍ਰੀਖਿਆ ਫਾਰਮ ਅਤੇ ਫੀਸ (850 ਰੁਪਏ + 200 ਰੁਪਏ ਜੁਰਮਾਨਾ ਫੀਸ) ਭਰਨ ਸਬੰਧੀ ਮਿਤੀ 15-07-2022 ਤੱਕ ਸਮੇਂ ਵਿੱਚ ਤੀਜੀ ਵਾਰ ਵਾਧਾ ਕੀਤਾ ਗਿਆ ਹੈ।

2 ਜਿਲ੍ਹਾ ਸਿੱਖਿਆ ਅਫਸਰ ਆਪਣੇ ਅਧੀਨ ਸਕੂਲ ਮੁੱਖੀਆਂ ਨੂੰ ਹਦਾਇਤ ਦੀ ਖੇਚਲ ਕਰਨ ਕਿ ਇਹਨਾਂ ਰੀਅਪੀਅਰ ਪ੍ਰੀਖਿਆਰਥੀਆਂ ਦੇ ਪ੍ਰੀਖਿਆ ਫਾਰਮ ਅਤੇ ਫੀਸ ਭਰਨ ਦਾ ਕੰਮ ਮਿਤੀ 15.07.2022 ਤੱਕ ਹਰ ਹਾਲਤ ਵਿੱਚ ਨਿਪਟਾਉਣ ਤਾਂ ਜੋ ਕੋਈ ਵੀ ਰੀਅਪੀਅਰ ਵਾਲਾ ਪ੍ਰੀਖਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਸਕੇ। ਜਿਹੜੇ ਪ੍ਰੀਖਿਆਰਥੀਆਂ ਨੇ ਪ੍ਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਨਹੀਂ ਕਰਾਈ ਉਹਨਾਂ ਦੀ ਸੂਚੀ ਪਹਿਲਾ ਹੀ ਆਪਜੀ ਨੂੰ ਮੁੱਹਈਆ ਕਰਵਾ ਦਿੱਤੀ ਗਈ ਹੈ।

3 ਜੇਕਰ ਪ੍ਰੀਖਿਆਰਥੀ ਦਾ ਪ੍ਰੀਖਿਆ ਫਾਰਮ ਸਮੇਤ ਪ੍ਰੀਖਿਆ ਫੀਸ ਅਤੇ ਜੁਰਮਾਨਾ ਫੀਸ ਅੱਪਲੋਡ ਨਹੀਂ ਹੁੰਦਾ ਤਾਂ ਇਸਦੀ ਜਿੰਮੇਵਾਰੀ ਸਬੰਧਿਤ ਅਮਲੇ ਅਤੇ ਪ੍ਰੀਖਿਆਰਥੀ ਦੀ ਹੋਵੇਗੀ। ਮਿੱਥੀ ਮਿਤੀ ਤੋਂ ਬਾਅਦ ਸਪਲੀਮੈਂਟਰੀ ਪ੍ਰੀਖਿਆ ਫਾਰਮ ਭਰਨ ਦੀ ਮਿਤੀ ਵਿੱਚ ਹੋਰ ਵਾਧਾ ਨਹੀ ਕੀਤਾ ਜਾਵੇਗਾ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

13/7/22
ਸੁਪਰਡੰਟ(ਪੰਜਵੀਂ/ਅੱਠਵੀਂ)

Scanned with Oken Scanner

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ: ਸ-7/1 ( ) 2022/272 ਮਿਤੀ:-14/07/2022

ਉਪਰੋਕਤ ਦਾ ਉਤਾਰਾ ਜ਼ਿਲਾ ਬਠਿੰਡਾ ਦੇ ਸਮੂਹ ਸਸਸਸ/ਸਹਸ/ਮਿਡਲ ਦੇ ਸਕੂਲ ਮੁਖੀਆਂ ਨੂੰ ਲੋੜ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

14/7/22
ਜ਼ਿ. ਸਿ. ਅ (ਸੈ.ਸਿ)
ਬਠਿੰਡਾ